ਖ਼ਬਰਾਂ ਦੀ ਰਿਲੀਜ਼

# ਸਿਮੱਟ/ ਸੰਮੇਲਨ ਨਵੇਂ ਆਏ ਲੋਕਾਂ ਦੇ ਹੁਨਰਾਂ ਨੂੰ ਮੌਕੇ ਨਾਲ ਜੋੜਦਾ ਹੈ

**15 ਅਪ੍ਰੈਲ, 2026**

ਨਵੇਂ ਆਏ ਲੋਕਾਂ ਲਈ ਨਿਰਪੱਖਤਾ ਬਾਰੇ ਪ੍ਰੀਮੀਅਰ ਦਾ ਸੰਮੇਲਨ ਹੁਨਰਾਂ ਨੂੰ ਮੌਕਿਆਂ ਨਾਲ ਜੋੜਨ ਅਤੇ ਰੁਕਾਵਟਾਂ ਨੂੰ ਦੂਰ ਕਰਨ ਲਈ
ਨਿਯੋਗਕਰਤਾ, ਸਿੱਖਿਅਕਾਂ ਅਤੇ ਨਵੇਂ ਆਉਣ ਵਾਲਿਆਂ ਨੂੰ ਇਕੱਠੇ ਕਰਦਾ ਹੈ।

ਅਲਬਰਟਾ ਇਸ ਗੱਲ ’ਤੇ ਧਿਆਨ ਕੇਂਦਰਿਤ ਕਰ ਰਿਹਾ ਹੈ ਕਿ ਇਮੀਗ੍ਰੇਸ਼ਨ ਟਿਕਾਊ ਹੋਵੇ, ਨਵੇਂ ਆਉਣ ਵਾਲੇ ਆਪਣੇ ਹੁਨਰ ਦੀ ਵਰਤੋਂ ਕਰ ਸਕਣ, ਕਰੀਅਰ ਵਿੱਚ ਰਾਹ ਲੱਭ ਸਕਣ ਅਤੇ ਜਿੱਥੇ ਉਨ੍ਹਾਂ ਦੀ ਸਭ ਤੋਂ ਵੱਧ ਲੋੜ ਹੋਵੇ ਉੱਥੇ ਯੋਗਦਾਨ ਪਾ ਸਕਣ।ਜਿਵੇਂ ਨਵੇਂ ਆਏ ਲੋਕ ਆਪਣੇ ਨਵੇਂ ਘਰਾਂ, ਨੌਕਰੀਆਂ ਅਤੇ ਕਮਿਊਨਿਟੀਆਂ ਵਿੱਚ ਵੱਸ ਰਹੇ ਹਨ, ਅਲਬਰਟਾ ਦੀ ਸਰਕਾਰ ਇਹ ਯਕੀਨੀ ਬਣਾ ਰਹੀ ਹੈ ਕਿ ਉਨ੍ਹਾਂ ਕੋਲ ਫਲਣ-ਫੂਲਣ ਲਈ ਸਹਾਇਤਾ ਅਤੇ ਜਰੂਰੀ ਮੌਕੇ ਮੌਜੂਦ ਹੋਣ।

ਨਵੇਂ ਆਏ ਲੋਕਾਂ ਲਈ ਨਿਰਪੱਖਤਾ ਬਾਰੇ ਪ੍ਰੀਮੀਅਰ ਦਾ ਸੰਮੇਲਨ ਵਾਸਤਵਿਕ ਹੱਲਾਂ ’ਤੇ ਕੇਂਦਰਿਤ ਹੈ, ਜਿਸ ਵਿੱਚ ਯੋਗਤਾਵਾਂ ਦੀ ਮਾਨਤਾ ਨੂੰ ਸੁਧਾਰਨਾ, ਮੈਨਟਰਸ਼ਿਪ ਦੇ ਮੌਕਿਆਂ ਦਾ ਵਿਸਥਾਰ ਕਰਨਾ ਅਤੇ ਨਿਯੋਗਕਰਤਾਵਾਂ ਅਤੇ ਹੁਨਰਮੰਦ ਕਰਮਚਾਰੀਆਂ ਦਰਮਿਆਨ ਸੰਪਰਕ ਮਜ਼ਬੂਤ ਕਰਨਾ ਸ਼ਾਮਲ ਹੈ।

“ਸਾਡੇ ਸੂਬੇ ਨੂੰ ਫਾਇਦਾ ਹੁੰਦਾ ਹੈ ਜਦੋਂ ਨਵੇਂ ਆਉਣ ਵਾਲੇ ਆਪਣੇ ਹੁਨਰਾਂ ਵਿੱਚ ਯੋਗਦਾਨ ਪਾ ਸਕਦੇ ਹਨ ਅਤੇ ਇੱਥੇ ਇੱਕ ਅਸਲੀ ਭਵਿੱਖ ਬਣਾ ਸਕਦੇ ਹਨ। ਇਹ ਸਿਮੱਟ ਰੁਕਾਵਟਾਂ ਨੂੰ ਦੂਰ ਕਰਨ ਅਤੇ ਨਵੇਂ ਆਏ ਲੋਕਾਂ ਦੇ ਪਹਿਲਾਂ ਤੋਂ ਮੌਜੂਦ ਹੁਨਰਾਂ ਨੂੰ ਪਛਾਣਨ ਦੇਣ ਬਾਰੇ ਹੈ। ਇਹ ਇਸ ਗੱਲ ਨੂੰ ਯਕੀਨੀ ਬਣਾਉਣ ਬਾਰੇ ਹੈ ਕਿ ਅਲਬਰਟਾ ਕੋਲ ਇਸ ਸਫਲਤਾ ਨੂੰ ਸਮਰਥਨ ਦੇਣ ਅਤੇ ਸਾਰੇ ਅਲਬਰਟਾਵਾਸੀਆਂ ਲਈ ਨਤੀਜੇ ਪ੍ਰਦਾਨ ਕਰਨ ਦੀ ਸਮਰਥਾ ਹੋਵੇ।”
ਡੈਨੀਅਲ ਸਮਿਥ, ਪ੍ਰੀਮੀਅਰ

ਇਸ ਸਾਲ ਨਵੇਂ ਆਏ ਲੋਕਾਂ ਲਈ ਨਿਰਪੱਖਤਾ ਬਾਰੇ ਪ੍ਰੀਮੀਅਰ ਦੀ ਚੌਥੀ ਸਿਮੱਟ ਹੈ।ਅਲਬਰਟਾ ਦੀ ਅਰਥਵਿਵਸਥਾ ਨੂੰ ਅੱਗੇ ਵਧਾਉਣਾ: ਨਵੇਂ ਆਏ ਲੋਕਾਂ ਦੇ ਹੁਨਰਾਂ ਅਤੇ ਕਰੀਅਰਾਂ ਨੂੰ ਖੋਲ੍ਹਣਾ' ਥੀਮ ਹੇਠ, ਸਿਮੱਟ ਨੇ ਨਵੇਂ ਆਏ ਲੋਕਾਂ ਦੀਆਂ ਸਫਲਤਾ ਦੀਆਂ ਕਹਾਣੀਆਂ, ਪੇਸ਼ਾਵਰ ਇਕੀਕਰਨ ਵਿੱਚ ਮੈਨਟਰਸ਼ਿਪ ਦੀ ਭੂਮਿਕਾ, ਉਤਮ ਤਰੀਕੇ ਅਤੇ ਵਿਹਾਰਕ ਰਾਹਾਂ ਨੂੰ ਉਜਾਗਰ ਕੀਤਾ, ਜੋ ਨਵੇਂ ਆਏ ਲੋਕਾਂ ਨੂੰ ਅਲਬਰਟਾ ਦੀ ਅਰਥਵਿਵਸਥਾ ਵਿੱਚ ਯੋਗਦਾਨ ਪਾਉਣ ਅਤੇ ਸਮਾਵੇਸ਼ ਹੋਣ ਵਿੱਚ ਮਦਦ ਕਰਦੇ ਹਨ।

“ਨਵੇਂ ਆਏ ਲੋਕ ਅਲਬਰਟਾ ਦੇ ਭਵਿੱਖ ਲਈ ਬਹੁਤ ਮਹੱਤਵਪੂਰਨ ਹਨ, ਜੋ ਸਾਡੇ ਅਰਥਤੰਤਰ ਅਤੇ ਕਮਿਊਨਿਟੀਆਂ ਵਿੱਚ ਹੁਨਰ, ਨਵੀਂ ਸੋਚ ਅਤੇ ਰੌਣਕ ਲਿਆਉਂਦੇ ਹਨ। ਇਹ ਸਿਮੱਟ ਨਵੇਂ ਆਏ ਲੋਕਾਂ ਲਈ ਉਪਲਬਧ ਸਰੋਤਾਂ ਬਾਰੇ ਜਾਗਰੂਕਤਾ ਵਧਾਉਂਦੀ ਹੈ। ਚਾਹੇ ਇਹ ਸਹੀ ਨੌਕਰੀ ਲੱਭਣ ਦੀ ਗੱਲ ਹੋਵੇ, ਆਪਣੇ ਹੁਨਰਾਂ ਅਤੇ ਸਿੱਖਿਆ ਨਾਲ ਕਰੀਅਰ ਦਾ ਰਸਤਾ ਬਣਾਉਣ ਦੀ ਗੱਲ ਹੋਵੇ ਜਾਂ ਵਪਾਰ ਸ਼ੁਰੂ ਕਰਨ ਦੀ, ਨਵੇਂ ਅਲਬਰਟਾਵਾਸੀਆਂ ਨੂੰ ਸੈਟਲ ਹੋਣ ਅਤੇ ਕਾਮਯਾਬ ਹੋਣ ਲਈ ਸਹਾਇਤਾ ਉਪਲਬਧ ਹੈ।”
ਮੁਹੰਮਦ ਯਾਸੀਨ, ਸਹਾਇਕ ਮੰਤਰੀ, ਬਹੁ-ਸੰਸਕ੍ਰਿਤਕਤਾ

ਅਲਬਰਟਾ ਦੀ ਸਰਕਾਰ ਇਹ ਯਕੀਨੀ ਬਣਾਉਣ 'ਤੇ ਕੇਂਦ੍ਰਿਤ ਹੈ ਕਿ ਇਮੀਗ੍ਰੇਸ਼ਨ ਟਿਕਾਊ ਹੋਵੇ ਅਤੇ ਲੇਬਰ ਮਾਰਕੀਟ /ਕਿਰਤ ਬਾਜ਼ਾਰ ਦੀਆਂ ਜ਼ਰੂਰਤਾਂ ਦੇ ਅਨੁਸਾਰ ਹੋਵੇ।ਨਵੇਂ ਆਉਣ ਵਾਲਿਆਂ ਦੀ ਸਹਾਇਤਾ ਲਈ ਹਾਲੀਆ ਕਦਮਾਂ ਵਿੱਚ ਉਹ ਕਾਨੂੰਨ ਸ਼ਾਮਲ ਹੈ ਜੋ ਰੈਗੂਲੇਟਰੀ ਸੰਸਥਾਵਾਂ ਨੂੰ ਰਜਿਸਟ੍ਰੇਸ਼ਨ ਲਈ ਕੈਨੇਡੀਅਨ ਕੰਮ ਦੇ ਤਜਰਬੇ ਦੀ ਲੋੜ ਰੱਖਣ ਤੋਂ ਰੋਕਦਾ ਹੈ, ਜਦੋਂ ਤੱਕ ਕਿ ਸਿਹਤ ਜਾਂ ਸੁਰੱਖਿਆ ਕਾਰਨਾਂ ਕਰਕੇ ਇਹ ਜ਼ਰੂਰੀ ਨਾ ਸਮਝਿਆ ਜਾਵੇ।

ਖ਼ਬਰਾਂ ਦੀ ਰਿਲੀਜ਼

ਅਲਬਰਟਾ ਦੀ ਸਰਕਾਰ ਨੇ ਹਾਲ ਹੀ ਵਿੱਚ ਬਿਲ 21, ਇਮੀਗ੍ਰੇਸ਼ਨ ਓਵਰਸਾਈਟ ਐਕਟ ਵੀ ਪੇਸ਼ ਕੀਤਾ ਹੈ। ਜੇ ਇਹ ਪਾਸ ਹੋ ਜਾਂਦਾ ਹੈ, ਤਾਂ ਇਹ ਕਾਨੂੰਨ ਨਵੇਂ ਆਏ ਲੋਕਾਂ ਨੂੰ ਇਮੀਗ੍ਰੇਸ਼ਨ ਪ੍ਰਣਾਲੀ ਵਿੱਚ ਸ਼ੋਸ਼ਣਕਾਰੀ ਨਿਯੋਗਕਰਤਾਵਾਂ, ਰਿਕਰੂਟਰਾਂ ਅਤੇ ਕਨਸਲਟੈਂਟਾਂ ਤੋਂ ਬਚਾਏਗਾ, ਕਿਉਂਕਿ ਵਿਦੇਸ਼ੀ ਕਰਮਚਾਰੀਆਂ ਨੂੰ ਨੌਕਰੀ ਦੇਣ ਵਾਲੀਆਂ ਕੰਪਨੀਆਂ ਲਈ ਪ੍ਰਾਂਤ ਨਾਲ ਰਜਿਸਟਰ ਕਰਨਾ ਲਾਜ਼ਮੀ ਹੋਵੇਗਾ। ਇਸ ਤੋਂ ਇਲਾਵਾ, ਇਮੀਗ੍ਰੇਸ਼ਨ ਕਨਸਲਟੈਂਟਾਂ ਅਤੇ ਅੰਤਰਰਾਸ਼ਟਰੀ ਰਿਕਰੂਟਰਾਂ ਲਈ ਪ੍ਰਾਂਤੀ ਲਾਇਸੈਂਸ ਲਾਜ਼ਮੀ ਕੀਤਾ ਜਾਵੇਗਾ।

ਸਿਮੱਟ ਰਾਹੀਂ ਇਕੱਤਰ ਕੀਤੇ ਗਏ ਸੁਝਾਅ ਭਵਿੱਖ ਦੀਆਂ ਨੀਤੀਆਂ ਅਤੇ ਪ੍ਰੋਗਰਾਮਾਂ ਨੂੰ ਦਿਸ਼ਾ ਦੇਣ ਵਿੱਚ ਮਦਦ ਕਰਨਗੇ, ਇਹ ਯਕੀਨੀ ਬਣਾਉਣਗੇ ਕਿ ਨਵੇਂ ਆਉਣ ਵਾਲੇ ਆਪਣੇ ਹੁਨਰਾਂ ਨੂੰ ਮੌਕਿਆਂ ਨਾਲ ਬਿਹਤਰ ਢੰਗ ਨਾਲ ਜੋੜ ਸਕਣ ਅਤੇ ਅਲਬਰਟਾ ਦੇ ਲੰਬੇ ਸਮੇਂ ਦੇ ਵਿਕਾਸ ਵਿੱਚ ਯੋਗਦਾਨ ਪਾ ਸਕਣ।

ਸੰਬੰਧਿਤ ਜਾਣਕਾਰੀ

ਨਵੇਂ ਆਏ ਲੋਕਾਂ ਲਈ ਨਿਰਪੱਖਤਾ ਬਾਰੇ ' ਪ੍ਰੀਮੀਅਰ ਦੀ ਸਿਮੱਟ [Premier's Summit on Fairness for Newcomers]


ਮੀਡੀਆ ਪੁੱਛਗਿੱਛ ਲਈ
ਸੈਮ ਬਲੈਕੈੱਟ

Sam.Blackett@gov.ab.ca

587-589-6048
ਪ੍ਰੈੱਸ ਸੇਕ੍ਰੇਟਰੀ , ਪ੍ਰੀਮੀਅਰ ਦਾ ਦਫ਼ਤਰ

ਹੰਟਰ ਬੈਰਿਲ

hunter.baril@gov.ab.ca

780-619-5774
ਪ੍ਰੈੱਸ ਸੇਕ੍ਰੇਟਰੀ, ਨੌਕਰੀਆਂ, ਅਰਥਿਵਵਸਥਾ, ਵਪਾਰ ਅਤੇ ਇਮੀਗ੍ਰੇਸ਼ਨ